ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ:- 5ਵੀਂ, 8ਵੀਂ, 10ਵੀਂ ਅਤੇ 12ਵੀਂ ਸ਼੍ਰੇਣੀ ਦੀਆਂ ਪ੍ਰੀਖਿਆਵਾਂ ਦੇ ਦਸਤਾਵੇਜ਼ ਅਤੇ ਫੀਸਾਂ ਨਿਰਧਾਰਿਤ ਸਮੇ ਸੀਮਾ ਅਨੁਸਾਰ ਜਮ੍ਹਾ ਕਰਵਾਉਣ ਸਬੰਧੀ ਹਦਾਇਤ।

ਉਕਤ ਵਿਸ਼ੇ ਸਬੰਧੀ ਸਮੂਹ ਸਕੂਲ ਮੁੱਖੀ/ ਇੰਚਾਰਜ , ਸਬੰਧਤ ਅਮਲਾ ,ਪ੍ਰੀਖਿਆਰਥੀ ਅਤੇ ਉਨ੍ਹਾਂ ਦੇ ਮਾਪਿਆਂ ਦੇ ਮੁੜ ਧਿਆਨ ਵਿੱਚ ਲਿਆਂਦਾ ਜਾਂਦਾ ਹੈ ਕਿ ਸਾਲ 2021-22 ਲਈ ਟਰਮ-1 ਦੀਆਂ ਪ੍ਰੀਖਿਆਵਾਂ ਦਸੰਬਰ 2021 ਵਿੱਚ ਹੋਣੀਆਂ ਹਨ। ਇਨ੍ਹਾਂ ਪ੍ਰੀਖਿਆਵਾਂ ਦੇ ਮੱਦੇ ਨਜ਼ਰ ਬੋਰਡ ਦਫਤਰ ਵੱਲੋਂ ਪਹਿਲਾਂ ਜਾਰੀ ਸ਼ਡਿਊਲ/ਸਮਾਂ ਸਾਰਣੀ ਦੀਆਂ ਮਿਤੀਆਂ ਵਿਚ ਹੋਰ ਵਾਧਾ ਨਹੀਂ ਕੀਤਾ ਜਾਵੇਗਾ । ਕੋਈ ਵਿਦਿਆਰਥੀ ਪ੍ਰੀਖਿਆ ਦੇਣ ਤੋਂ ਵਾਂਝਾ ਨਾ ਰਹੇ ਅਤੇ ਇਹ ਪ੍ਰੀਖਿਆਂਵਾਂ ਵੀ ਨਿਸ਼ਚਿਤ ਮਿਤੀ/ਸਮੇਂ ਅਨੁਸਾਰ ਹੀ ਹੋ ਸਕਣ । ਇਸ ਲਈ ਸਬੰਧਤ ਵਿਦਿਆਰਥੀਆਂ ਦੇ ਵੇਰਵੇ / ਦਸਤਾਵੇਜ਼ ਸਮੇਤ ਬਣਦੀ ਫੀਸ ਜਮ੍ਹਾਂ ਕਰਵਾਉਣ ਨੂੰ ਵਿਸ਼ੇਸ਼ ਤਰਜੀਹ ਦਿੰਦੇ ਹੋਏ ਪੈਂਡਿੰਗ ਕੰਮ ਨੂੰ ਨਿਰਧਾਰਿਤ ਸ਼ਡਿਊਲ ਅਨੁਸਾਰ ਹੀ ਮੁਕੰਮਲ ਕਰਵਾਇਆ ਜਾਵੇ। ਸ਼ਡਿਊਲ, ਨਿਸ਼ਚਿਤ ਮਿਤੀਆਂ ਅਤੇ ਹਦਾਇਤਾਂ ਆਦਿ ਸਕੂਲ ਲਾਗਇੰਨ ਅਤੇ ਬੋਰਡ ਦੀ ਵੈਬ ਸਾਈਟ www.pseb.ac.in ਤੇ ਪਹਿਲਾਂ ਤੋਂ ਹੀ ਉਪਲਬਧ ਹਨ।

21.10.2021

(ਜੇ.ਆਰ.ਮਹਿਰੋਕ)
ਕੰਟਰੋਲਰ(ਪ੍ਰੀਖਿਆਵਾਂ)
ਪੰਜਾਬ ਸਕੂਲ ਸਿੱਖਿਆ ਬੋਰਡ।